a2zpapers.com
Sr. No. 3428

**Exam Code: 106002**
**Subject Code: 1469**

**Bachelor of Design - 2nd Semester**

**(2519)**

**Paper: Paper-VIII (i) Punjabi Compulsory**

**Time allowed: 3 hrs.** **Max. Marks: 50**

ਨੋਟ: ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ ਇੱਕ ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

www.a2zpapers.com

ਭਾਗ ੳ-- 1. ਕੁਲਵੰਤ ਸਿੰਘ ਵਿਰਕ ਦੀ ਕਹਾਣੀ **'ਉਜਾੜ'** ਦਾ ਵਿਸ਼ਾ ਵਸਤੂ ਲਿਖੋ। (10)

2. **'ਘੋਟਣਾ'** ਕਹਾਣੀ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ। (10)

ਭਾਗ ਅ 3. **'ਮੁੜ ਪ੍ਰੋਫੈਸਰੀ'** ਸੰਸਮਰਣ ਦਾ ਸੰਖੇਪ ਸਾਰ ਲਿਖੋ। (10)

4. **'ਅਫਗਾਨਿਸਤਾਨ ਦੇ ਲੋਕ'** ਸੰਸਮਰਣ ਦੀ ਲਿਖਣ ਸ਼ੈਲੀ ਸੰਬੰਧੀ ਆਪਣੇ ਵਿਚਾਰ ਪੇਸ਼ ਕਰੋ। (10)

ਭਾਗ ੲ- 5. ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਸ਼ਬਦ ਬਣਤਰ ਦੇ ਮੁੱਢਲੇ ਸੰਕਲਪ ਤੇ ਇਕ ਨੋਟ ਲਿਖੋ। (10)

6. ਵਿਸ਼ੇਸ਼ਣ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੀਆਂ ਕਿਸਮਾਂ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ। (10)

ਭਾਗ ਸ-- 7. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਸੰਖੇਪ ਰਚਨਾ ਕਰੋ:

ਅੱਜ ਕੱਲ੍ਹ ਆਗੂ ਬਣਨਾ ਪਹਿਲਾਂ ਨਾਲੋਂ ਵਧੇਰੇ ਮੁਸ਼ਕਲ ਹੈ। ਆਗੂ ਬਣਨ ਲਈ ਪਹਿਲਾਂ ਚੋਣਾਂ ਵਿਚ ਕਾਮਯਾਬ ਹੋਣਾ ਪੈਂਦਾ ਹੈ। ਚੋਣਾਂ ਵਿਚ ਕਾਮਯਾਬ ਹੋਣ ਲਈ ਲੋਕਾਂ ਦਾ **ਮਿਲਵਰਤਨ** ਬਹੁਤ ਜ਼ਰੂਰੀ ਹੈ। ਕਾਮਯਾਬੀ ਲਈ ਤਿੰਨ ਗੁਣ ਆਦਮੀ ਵਿਚ ਹੋਣੇ ਜ਼ਰੂਰੀ ਹਨ। ਇਕ ਤਾਂ ਪਹਿਲਾਂ ਆਦਮੀ ਦਾ ਚੰਗਾ ਰਿਕਾਰਡ ਹੋਣਾ ਜ਼ਰੂਰੀ ਹੈ। ਪਿਛਲੇ ਕੁਝ ਸਾਲਾਂ ਵਿਚ ਉਸ ਨੇ ਕੀ ਕੁਰਬਾਨੀ ਜਾਂ ਹੋਰ ਕੀ ਭਲਾਈ ਦਾ ਕੰਮ ਕੀਤਾ ਹੋਵੇ ਤਾਂ ਇਸ ਵੇਲੇ ਉਸ ਨੂੰ ਉਹ ਕੰਮ ਕਾਫੀ ਲਾਭ ਪਹੁੰਚਾ ਸਕਦਾ ਹੈ। ਦੂਜਾ ਗੁਣ ਜੋ **ਕਾਮਯਾਬੀ** ਲਈ ਬਹੁਤ ਜ਼ਰੂਰੀ ਹੈ, ਉਹ ਹੈ ਆਦਮੀ ਦਾ **ਰਸੂਖ਼**। ਜਿਸ ਆਦਮੀ ਦਾ ਇਲਾਕੇ ਵਿਚ ਅਸਰ ਰਸੂਖ਼ ਨਹੀਂ, ਉਹ ਕਦੀ ਕਾਮਯਾਬ ਹੋ ਸਕਦਾ। ਤੀਜਾ ਸਭ ਤੋਂ ਵੱਡਾ ਗੁਣ ਪੈਸਾ ਹੈ- ਪ੍ਰਾਪੇਗੰਡਾ ਕਰਨ ਲਈ ਵਰਕਰਾਂ ਨੂੰ ਇਧਰ-ਉਧਰ ਨਸਾਣ-ਭਜਾਣ ਲਈ, ਵੋਟਰਾਂ ਨੂੰ ਖਾਣ-ਪਿਲਾਣ ਲਈ, ਗੱਲ ਕੀ ਉਮੀਦਵਾਰ ਨੂੰ ਕਦਮ-ਕਦਮ 'ਤੇ ਪੈਸੇ ਦੀ ਲੋੜ ਪੈਂਦੀ ਹੈ। ਆਮ ਤੌਰ 'ਤੇ ਪਹਿਲੀਆਂ ਦੋਵੇਂ ਸਿਫ਼ਤਾਂ ਹੁੰਦਿਆਂ ਹੋਇਆਂ ਵੀ ਪੈਸੇ ਦੀ ਘਾਟ ਕਰਕੇ ਕਈ ਇਕ ਸਿਆਣੇ ਅਤੇ ਚੰਗੇ ਆਦਮੀਆਂ ਨੂੰ ਵੀ ਨਾਕਾਮੀ ਦਾ ਮੂੰਹ ਵੇਖਣਾ ਪੈਂਦਾ ਹੈ। (10)

8. ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿਚੋਂ ਪੰਜ-ਪੰਜ ਨੂੰ ਵਾਕਾਂ ਵਿਚ ਵਰਤੋ:

(ੳ) ਮੁਹਾਵਰੇ: ਉਸਤਾਦੀ ਕਰਨੀ, ਠੂੰਗਾ ਮਾਰਨਾ, ਟਾਲ-ਮਟੋਲ ਕਰਨਾ, ਚੋਭ ਮਾਰਨੀ, ਛਿੱਲ ਲਾਉਣੀ, ਛੋਲੇ ਦੇ ਕੇ ਪੜ੍ਹਨਾ, ਘੁਸਰ-ਮੁਸਰ ਕਰਨਾ, ਘੋੜੇ ਬੀੜਨੇ

(ਅ) ਅਖਾਣ: ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਉੱਚੀ ਦੁਕਾਨ ਫਿੱਕਾ ਪਕਵਾਨ, ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੋਹ, ਇਹ ਜੱਗ ਮਿੱਠਾ ਅਗਲਾ ਕਿਸ ਡਿੱਠਾ, ਇਲਾਜ ਨਾਲੋਂ ਪਰਹੇਜ਼ ਚੰਗਾ, ਸੰਗ ਤਾਰੇ ਕੁਸੰਗ ਡੋਬੇ, ਸਾਂਝਾ ਬਾਪ ਨਾ ਪਿਟੇ ਕੋਇ, ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ (10)

********

3428(2519)300

www.a2zpapers.com www.a2zpapers.com
Download free old Question papers gndu, ptu hp board, punjab board